**ਦਫ਼ਤਰ : ਜ਼ਿਲ੍ਹਾ ਭਾਸ਼ਾ ਅਫ਼ਸਰ, ਬਠਿੰਡਾ**

ਕਮਰਾ ਨੰ. 225-ਈ-227-ਈ, ਪਹਿਲੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ-151001

ਈ-ਮੇਲ dlobti.pblanguages@gmail.com

ਵੱਲ

ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ.),
ਬਠਿੰਡਾ।

ਪੱਤਰ ਨੰ:2022/ 300
ਮਿਤੀ: 26/8/2022

**ਵਿਸ਼ਾ: ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ 2022-23 ਕਰਵਾਉਣ ਸੰਬੰਧੀ।**

ਸ਼੍ਰੀਮਾਨ ਜੀ,
ਵਿਸ਼ੇ ਅੰਕਿਤ ਮਾਮਲੇ ਸੰਬੰਧੀ ਲਿਖਿਆ ਜਾਂਦਾ ਹੈ ਕਿ ਭਾਸ਼ਾ ਵਿਭਾਗ, ਪੰਜਾਬ ਜ਼ਿਲ੍ਹਾ ਬਠਿੰਡਾ ਵੱਲੋਂ ਆਪ ਜੀ ਨੂੰ ਪੱਤਰ ਨੰ: 260 ਮਿਤੀ 01.08.2022 ਰਾਹੀਂ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲਿਆਂ ਵਿੱਚ ਆਪ ਅਧੀਨ ਆਉਂਦੇ ਸਕੂਲਾਂ ਦੇ ਵਿਦਿਆਰਥੀਆਂ ਦੀ ਭਾਗੀਦਾਰੀ ਬਾਬਤ ਲਿਖ ਦਿੱਤਾ ਗਿਆ ਸੀ। ਉਪਰੋਕਤ ਮੁਕਾਬਲੇ **ਮਿਤੀ 31.08.2022 ਨੂੰ ਆਰ.ਬੀ.ਡੀ.ਏ.ਵੀ. ਸਕੂਲ, ਬਠਿੰਡਾ ਵਿਖੇ ਸਵੇਰੇ 9:00** ਵਜੇ ਤੋਂ ਕਰਵਾਏ ਜਾਣੇ ਹਨ। ਆਪ ਜੀ ਨੂੰ ਬੇਨਤੀ ਹੈ ਕਿ ਇਸ ਬਾਬਤ ਭਾਸ਼ਾ ਵਿਭਾਗ, ਪੰਜਾਬ ਜ਼ਿਲ੍ਹਾ ਬਠਿੰਡਾ ਦੀ ਈ-ਮੇਲ ਆਈ.ਡੀ. **dlobti.pblanguages@gmail.com** ਰਾਹੀਂ ਹੁਣ ਤੱਕ ਐਂਟਰੀ ਫਾਰਮ ਭੇਜ ਚੁੱਕੇ ਸਕੂਲ ਮੁਖੀਆਂ (ਸਰਕਾਰੀ/ਏਡਿਡ/ਪ੍ਰਾਈਵੇਟ) ਨੂੰ ਉਕਤ ਸਮੇਂ, ਮਿਤੀ ਅਤੇ ਸਥਾਨ ਅਨੁਸਾਰ ਭਾਗ ਲੈਣ ਲਈ ਲਿਖ ਦਿੱਤਾ ਜਾਵੇ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮੁਕਾਬਲੇ ਵਾਲੇ ਦਿਨ ਕਿਸੇ ਵੀ ਸਕੂਲ ਦੀ ਐਂਟਰੀ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।
ਧੰਨਵਾਦ ਸਹਿਤ।

**(ਕਿਰਪਾਲ ਸਿੰਘ)**
**ਜ਼ਿਲ੍ਹਾ ਭਾਸ਼ਾ ਅਫ਼ਸਰ**
**ਬਠਿੰਡਾ।**

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ।
ਪਿਠ ਅੰਕਣ ਨੰ: ਜੀ.ਜੀ./(?) 2022/1809 ਮਿਤੀ: 26/08/2022
ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

Scanned by CamScanner

26/8/22
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ।
ਜੀ.ਕੇ.